ਪੰਜਾਬ ਸਰਕਾਰ
ਚੌਥਾ ਪੰਜਾਬ ਵਿੱਤ ਕਮਿਸ਼ਨ
ਉਦਯੋਗ ਭਵਨ ਪੰਜਾਬ, ਸੈਕਟਰ 17, ਚੰਡੀਗੜ੍ਹ

## ਪ੍ਰਸਨਾਂਵਲੀ

1

ਨੋਟ i) ਇਸ ਪ੍ਰਸ਼ਨਾਵਲੀ ਨੂੰ ਵੈਬ ਸਾਇਟ www.doitpunjab.gov.in ਤੋ ਲਿਆ ਜਾ ਸਕਦਾ ਹੈ । ਪ੍ਰਸ਼ਨਾਂਵਲੀ ਭਰਨ ਉਪਰੰਤ ਇਸ ਨੂੰ ਮੈਂਬਰ ਸਕੱਤਰ ਚੋਥਾ ਪੰਜਾਬ ਵਿੱਤ ਕਮਿਸ਼ਨ, ਉਦਯੋਗ ਭਵਨ, ਸੈਕਟਰ-17, ਚੰਡੀਗੜ੍ਹ ਨੂੰ ਸਪੀਡ ਪੋਸਟ ਰਾਹੀਂ ਭੇਜਿਆ ਜਾ ਸਕਦਾ ਹੈ । ਇਸ ਨੂੰ ਈ-ਮੇਲ pb4fincomm@gmail.com ਤੇ ਵੀ ਭੇਜਿਆ ਜਾ ਸਕਦਾ ਹੈ।

**ii)** ਇਸ ਪ੍ਰਸ਼ਨਾਵਲੀ ਵਿਚ ਪ੍ਰਸ਼ਨ ਸੰਕੇਤਕ ਹਨ, **ਕਿਰਪਾ ਕਰਕੇ ਕਿਸੇ ਵੀ ਸਬੰਧਤ ਮੁੱਦੇ ਬਾਰੇ ਟਿੱਪਣੀ ਕਰਨ ਲਈ ਸੁਤੰਤਰ ਮਹਿਸੂਸ ਕਰੋ, ਭਾਵੇਂ ਕੀ ਇਹ ਇਸ ਪ੍ਰਸ਼ਨਾਵਲੀ ਵਿਚ ਦਰਜ ਨਹੀ ਹੈ । ਆਪ ਸਾਰੇ ਪ੍ਰਸਨਾਂ ਜਾਂ ਕੇਵਲ ਉਹਨਾਂ ਪ੍ਰਸ਼ਨਾਂ ਜਿਨਾਂ ਵਿਚ ਆਪ ਦਿਲਚਸਪੀ ਰਖਦੇ ਹੋ ਦਾ ਉਤਰ ਦੇ ਸਕਦੇ ਹੋ ।**

iii) ਸਰਕਾਰੀ ਅਤੇ ਗੈਰ ਸਰਕਾਰੀ ਅਦਾਰੇ ਅਪਣਾ ਜਵਾਬ/ ਸੁਝਾ ਸੰਖੇਪ ਵਿਚ ਪੂਰੇ ਸਬੂਤਾਂ ਅਤੇ ਅੰਕੜਿਆਂ ਸਮੇਤ ਦੇਣ ਦੀ ਚੇਸਟਾ ਕਰਨ ।

iv) ਇਸ ਪ੍ਰਸ਼ਾਨਾਵਲੀ ਵਿਚ, ਸ਼ਹਿਰੀ ਸਥਾਨਕ ਸੰਗਠਨਾਂ (ਸ:ਸ਼:ਸੰ) ਦੀ ਪਰਿਭਾਸ਼ਾ ਵਿਚ ਮਿਉਸੀਪਲ ਕਾਰਪੋਰੇਸਨਾਂ, ਮਿਉਸੀਪਲ ਕੌਸਲਾਂ ਅਤੇ ਨਗਰ ਪੰਚਾਇਤਾਂ ਸ਼ਾਮਲ ਹਨ। ਇਸੇ ਤਰਾਂ ਪੰਚਾਇਤੀ ਰਾਜ ਸੰਸਥਾਵਾਂ ( ਪੰ;ਰਾ:ਸੰ) ਦੀ ਪਰਿਭਾਸ਼ਾ ਵਿਚ ਜਿਲ੍ਹਾ ਪ੍ਰੀਸਦ, ਪੰਚਾਇਤ ਸੰਮਤੀਆਂ ਅਤੇ ਗ੍ਰਾਮ ਪੰਚਾਇਤਾਂ ਸ਼ਾਮਲ ਹਨ।

## ੳ) ਟੈਕਸ ਸ਼ਕਤੀਆਂ :-

ਕੀ ਸਹਿਰੀ ਸਥਨਾਕ ਸੰਸਥਾਂਵਾ ਅਤੇ ਪੰਚਾਇਤੀ ਰਾਜ ਸੰਸ਼ਥਾਵਾਂ ਕੋਲ ਟੈਕਸ ਲਗਾਉਣ ਦੀਆਂ ਕੋਈ ਸ਼ਕਤੀਆਂ ਹਨ? ਜੇਕਰ ਹਾਂ :-

i) ਕੀ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਕਰ ਲਾਉਣ ਦੀਆਂ ਮੌਜੂਦਾ ਸ਼ਕਤੀਆਂ ਕਾਫੀ ਹਨ ?

ਜਾਂ

ਕੀ ਉਹਨਾਂ ਨੂੰ ਕਰ ਬੰਦੀ ਦੇ ਵਧੀਕ ਇਖਤਿਆਰ ਸੌਂਪੇ ਜਾਣੇ ਚਾਹੀਦੇ ਹਨ ?

ii) ਜੇਕਰ ਅਜਿਹਾ ਹੈ ਤਾਂ ਕਿਹੜੀਆਂ ਸ਼ਕਤੀਆਂ ? ਸ਼ੰਖੇਪ ਵਿਚ ਦਿਤਾ ਜਾਵੇ ।

iii) ਕੀ ਇਹ ਠੀਕ ਹੈ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸ਼ਥਾਵਾਂ ਟੈਕਸਾਂ ਸੰਬਧੀ ਅਪਣੀਆਂ ਪੂਰੀਆਂ ਸ਼ਕਤੀਆਂ ਨਹੀ ਵਰਤਦੀਆਂ; ਜੇ ਕਰ ਹਾਂ, ਤਾਂ ਕਾਰਣ ਦੱਸੋ?

2) ਕੀ ਇਸ ਸਮੇਂ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਈਤੀ ਰਾਜ ਸੰਸਥਾਵਾਂ ਵਲੋ ਲਗਾਏ ਜਾਂਦੇ ਕਰਾਂ ਦੀਆਂ ਦਰਾਂ ਰਾਜ ਸਰਕਾਰ ਵਲੋਂ ਨਿਸਚਿਤ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਵਿਚ ਕਿਸੇ ਤਬਦੀਲੀ ਵਾਸਤੇ ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਲੋੜੀਂਦੀ ਹੈ ?

ਕੀ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਕਰ ਲਗਾਉਣ ਵਾਸਤੇ ਕਾਨੂੰਨ ਦੁਆਰਾ ਦਰਸਾਈਆਂ ਹੱਦਾਂ ਦੇ ਅੰਦਰ ਰਾਜ ਸਰਕਾਰ ਦੁਆਰਾ ਘੱਟੋ ਘੱਟ ਨਿਸਚਿਤ ਕੀਤੀਆਂ ਦਰਾਂ ਅਤੇ ਸਰਤਾਂ ਦੀ ਪਾਲਣਾ ਕਰਦੇ ਹੋਏ ਕਰ ਲਗਾਉਣ ਦੀਆਂ ਪੂਰੀਆਂ ਸ਼ਕਤੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ?

## ਅ) ਸਾਧਨ ਗਤੀਸੀਲਤਾ :-

3) i) ਕੀ ਤੁਹਾਡੇ ਖਿਆਲ ਅਨੁਸਾਰ, ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੁਆਰਾ ਮੌਜੂਦਾ ਲਗਾਏ ਕਰਾਂ, ਡਿਊਟੀਜ਼, ਫੀਸ, ਸੈਸ ਆਦਿ ਦੀ ਉਗਰਾਹੀ ਤੱਸਲੀਬਖਸ਼ ਤਰੀਕੇ ਅਤੇ ਉਚਿਤ ਲੈਵਲ ਤੱਕ ਕੀਤੀ ਜਾ ਰਹੀ ਹੈ ।

ii) ਜੇਕਰ ਨਹੀ, ਤਾਂ ਤਰਤੀਬਬਾਰ ਹਰੇਕ ਉਪਰੋਕਤ ਕਰ ਦੀ ਨਾ ਤਸੱਲੀਬਖਸ਼ ਉਗਰਾਹੀ ਦੇ ਹੇਠ ਲਿਖੇ ਕਿਹੜੇ ਕਾਰਨ ਕਰਕੇ ਕਿੰਨੀ ਹੈ :-

| ਕ੍ਰਮ ਅੰਕ | ਆਈਟਮ | ਟੀਚੇ | ਪ੍ਰਾਪਤੀਆਂ | ਵਿਸ਼ੇਸ ਕਥਨ |
|---|---|---|---|---|
| i. | ਘੱਟ ਕਰ ਨਿਰਧਾਰਨ | | | |
| ii. | ਕਰ ਦੀ ਚੋਰੀ | | | |
| iii. | ਉਗਰਾਹੀ ਵਿਚ ਘਾਟਾ | | | |

4) ਮੌਜੂਦਾ ਕਰਾਂ ਤੋਂ ਆਮਦਨ ਵਧਾਉਣ ਅਤੇ ਕਰ ਚੋਰੀ ਨੂੰ ਘਟਾਓਣ ਲਈ ਆਪ ਕਿਹੜੇ ਉਪਰਾਲਿਆਂ ਬਾਰੇ ਸੁਝਾਅ ਦੇਣਾ ਚਾਹੋਗੇ ।

5) ਕੀ ਕਿਸੇ ਰਿਆਇਤ ਜਾਂ ਦਰਾਂ ਵਿਚ ਕਟੋਤੀ ਜਾਂ ਕਿਸੇ ਟੈਕਸ ਨੂੰ ਖਤਮ ਕਰਨ ਕਾਰਨ ਆਮਦਨ ਵਿੱਚ ਹੋਏ ਘਾਟੇ ਲਈ, ਰਾਜ ਸਰਕਾਰ ਦੀ ਨੀਤ, ਹਦਾਇਤਾਂ ਜਾਂ ਫੈਸਲੇ ਸਿਵਾਏ ਉੱਥੇ ਜਿੱਥੇ ਸਥਾਨਕ ਸੰਸਥਾ ਨੇ ਬੇਨਤੀ ਕੀਤੀ ਹੋਵੇ, ਰਾਜ ਸਰਕਾਰ ਵੱਲੋ ਸਥਾਨਕ ਸੰਸਥਾਵਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ?

6) i) ਕੀ ਆਪ ਸੋਚਦੇ ਹੋ ਕਿ ਸ਼ਹਿਰੀ ਸਥਾਨਕ ਸੰਗਠਨ ਅਖੀਰ ਨੂੰ ਵਿੱਤੀ ਤੌਰ ਤੇ ਸਵੈ ਨਿਰਭਰ ਹੋ ਜਾਣਗੇ ?

ii) ਜੇਕਰ ਨਹੀ ਤਾਂ ਕਿਸ ਹੱਦ ਤੱਕ ਰਾਜ ਕਰਾਂ ਦੇ ਹਿੱਸੇ ਨੂੰ ਸੌਪਣ ਨਾਲ ਉਹਨਾਂ ਦੇ ਵਸੀਲੇ ਸੰਪੂਰਣ ਕੀਤੇ ਜਾਣੇ ਚਾਹੀਦੇ ਹਨ ?

7) i) ਕੀ ਆਪ ਸੋਚਦੇ ਹੋ ਕਿ ਸ਼ਹਿਰੀ ਸਥਾਨਕ ਸੰਗਠਨਾਂ ਦੀਆਂ ਸੰਪਤੀਆਂ ਦੀ ਵਿਕਰੀ ਜਾਂ ਉਨਾਂ ਦੀ ਬੇਹਤਰ ਵਰਤੋਂ ਕਰਕੇ ਵਧੀਕ ਮਾਲ ਆਮਦਨ ਪੈਦਾ ਕੀਤੀ ਜਾ ਸਕਦੀ ਹੈ ?

ii) ਜੇਕਰ ਅਜਿਹਾ ਹੈ ਤਾਂ ਇਸ ਦੇ ਸੰਬਧ ਵਿਚ ਆਪ ਦੇ ਕੀ ਸੁਝਾਉ ਹਨ ?

## ਸ਼ਹਿਰੀ ਸਥਾਨਕ ਸੰਸਥਾਵਾਂ

## ੲ) ਚੂੰਗੀ ਕਰ:-

8) i) ਸਾਲ 2006 ਤੋਂ ਰਾਜ ਵਿੱਚ ਕੋਈ ਚੁੰਗੀ ਕਰ ਨਹੀ ਲ਼ਗਾਏ ਜਾਂਦੇ ।

ii) ਚੁੰਗੀ ਕਰ ਹਟਾਉਣ ਤੋ ਪਹਿਲੇ ਦੋ ਸਾਲਾਂ ਦੀ ਚੁੰਗੀ ਕਰ ਤੋ ਆਮਦਨ ਕਿੰਨੀ ਸੀ।

iii) ਦੋ ਸਾਲ ਪਹਿਲਾਂ ਚੁੰਗੀ ਕਰ ਕਿਸ ਤਰੀਕੇ ਨਾਲ ਇਕੱਤਰ ਜਾਂਦੀ ਸੀ ਜਿਵੇ:-

i) ਪ੍ਰਾਈਵੇਟ ਨਿਲਾਮੀ ਰਾਹੀਂ ਜਾਂ

ii) ਕਮੇਟੀ ਦੇ ਆਪਣੇ ਸਟਾਫ ਰਾਹੀ।

iv) ਚੁੰਗੀ ਕਰ ਹਟਾਉਣ ਤੇ ਆਪ ਦੇ ਕੀ ਵਿਚਾਰ ਹਨ । ਚੁੰਗੀ ਕਰ ਹਟਾਉਣ ਤੇ ਕਿਸ ਤਰਾਂ ਦੇ ਪ੍ਰਤੀਕਰਮਾਂ ਦਾ ਸਾਹਮਣਾ ਕਰਨਾ ਪਿਆ ਅਤੇ ਨਗਰਕੋਸਲਾਂ ਦੇ ਵਿੱਤੀ ਸਾਧਨਾ ਨੂੰ ਚਲਾਉਣ ਬਾਰੇ ਕਿਹੜੇ ਕਿਹੜੇ ਢੰਗ ਤਰੀਕੇ ਅਪਣਾਉਣੇ ਪਏ ।

v) ਕੀ ਚੁੰਗੀ ਕਰ ਹਟਾਉਣ ਦੇ ਸਮੇਂ ਤੋ ਲੈਕੇ ਹੁਣ ਤੱਕ ਕੀ ਇਹਨਾਂ ਨਗਰਕੌਸਲਾਂ ਨੂੰ ਰਾਜ ਸਰਕਾਰ ਕਿਸੇ ਨਾ ਕਿਸੇ ਤਰਾਂ ਕੰਪਨਸੇਟ ਕਰਦੀ ਆ ਰਹੀ ਹੈ ? ਜਿਵੇਂ ਕਿ ਲੋਕਲ ਏਰੀਆ ਡਿਵੈਲਪਮੈਂਟ ਫੰਡ (LADP) ਆਦਿ ।

vi) ਜੇਕਰ ਨਹੀ ਤਾਂ ਕੀ ਤੁਸੀ ਅਜਿਹੇ ਵਧੀਆ ਢੰਗ ਤਰੀਕਿਆਂ ਦਾ ਸੁਝਾ ਦੇ ਸਕਦੇ ਹੋ, ਜਿਸ ਰਾਹੀਂ ਆਸਾਨੀ ਨਾਲ ਧਨ ਇਕੱਠਾ ਕੀਤਾ ਜਾ ਸਕਦਾ ਹੋਵੇ ?

## ਸ) ਹਾਉਸ ਟੈਕਸ( ਪਰੋਪਰਟੀ ਟੈਕਸ):-

9) i) ਕੀ ਹਾਊਸ ਟੈਕਸ, ਸਾਲਾਨਾ ਕਿਰਾਇਆ ਕੀਮਤ ਦੇ ਆਧਾਰ ਤੇ ਹੀ ਲਗਾਇਆ ਜਾਣਾ ਜਾਰੀ ਰਹਿਣਾ ਚਾਹੀਦਾ ਹੈ। ਜੇਕਰ ਹਾਂ, ਤਾਂ ਕੀ ਰੈਂਟ ਕੰਟਰੋਲ ਐਕਟ "ਸਾਲਾਨਾ ਕੀਮਤ" ਹਾਊਸ ਟੈਕਸ ਲਈ ਆਪਨਾਇਆ ਜਾਂਦਾ ਢੰਗ ਕਾਨੂੰਨ ਵਿੱਚ ਸੋਧ ਕਰਕੇ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ ?

ii) ਜੇਕਰ ਨਹੀ,ਂ ਤਾਂ ਕੀ ਇਹ ਸਥਾਨ ਉਸਾਰਿਆ ਏਰੀਆ, ਉਸਾਰੀ ਦੀ ਕੀਮਤ , ਜਾਇਦਾਦ ਦੀ ਵਰਤੋਂ (ਅਰਥਾਤ ਰਿਹਾਇਸ਼ੀ ਵਪਾਰਕ, ਉਦਯੋਗਿਕ ਆਦਿ) ਵਰਗੇ ਫੈਕਟਰਾਂ ਉਤੇ ਆਧਾਰਤ ਉਚਿਤ ਪਰਿਭਾਸ਼ਿਤ ਕਸਵੱਟੀ ਅਨੁਸਾਰ ਨਿਰਧਾਰਤ ਕੀਤੇ ਗਏ ਜਾਇਦਾਦ ਦੇ ਮੁੱਲ ਉਪਰ ਨਿਰਧਾਰਤ ਹੋਣਾ ਚਾਹੀਦਾ ਹੈ ?

iii) ਉਪਰੋਕਤ (ii) ਦੀ ਸੂਰਤ ਵਿੱਚ ਕੀ ਨਿਰਪੱਖ ਨਿਰਧਾਰਨ ਨੂੰ ਯਕੀਨੀ ਬਣਾਉਣ ਲਈ ਮੁਲਅੰਕਣ ਅਥਾਰਿਟੀ ਅਤੇ ਨਿਰਧਾਰਣ ਵਿਰੁੱਧ ਅਪੀਲਾਂ ਨੂੰ ਸੁਣਨ ਲਈ ਅਪੀਲ ਅਥਾਰਿਟੀ ਹੋਣੀ ਚਾਹੀਦੀ ਹੈ ?

ਜੇਕਰ ਹਾਂ ਹੈ ਤਾਂ ਮੁੱਲਅੰਕਣ ਅਤੇ ਅਪੀਲ ਅਥਾਰਟੀਆਂ ਦੀ ਕੀ ਬਣਤਰ ਹੋਣੀ ਚਾਹੀਦੀ ਹੈ ?

iv) ਕੀ ਮੁਲਅੰਕਣ ਦੀ ਮਿਆਦੀ ਸੁਧਾਈ ਮੁੱਲ ਘਾਟੇ/ਵਾਧੇ ਅਤੇ ਮੁਦਰਾ ਫੈਲਾਊ ਸੂਚਕ ਅੰਕ ਦੇ ਆਧਾਰ ਤੇ ਹਰੇਕ 3 ਸਾਲਾਂ ਤੋਂ ਬਾਅਦ ਹੋਣੀ ਚਾਹੀਦੀ ਹੈ?

10) i) ਕੀ ਆਪ ਦੀ ਰਾਇ ਵਿੱਚ, ਰਿਹਾਇਸ਼ੀ ਇਮਾਰਤਾਂ ਜਿਨ੍ਹਾਂ ਵਿੱਚ ਮਾਲਕ ਆਪ ਰਹਿੰਦਾ ਹੋਵੇ, ਨੂੰ ਉਨ੍ਹਾਂ ਦੇ ਪਲਾਟ/ਉਸਾਰਿਆ ਏਰੀਆ ਦਾ ਖਿਆਲ ਕੀਤੇ ਵਗੈਰ ਹਾਊਸ ਟੈਕਸ ਤੋਂ ਛੋਟ ਨਿਆਏ ਸੰਗਤ ਹੈ ?

ii) ਜੇਕਰ ਨਹੀਂ ਤਾਂ ਮਕਾਨ ਮਾਲਕਾਂ ਦੁਆਰਾ ਖੁਦ ਵਰਤੋਂ ਵਿੱਚ ਲਿਆਂਦੀਆਂ ਰਿਹਾਇਸ਼ੀ ਇਮਾਰਤਾਂ ਦੇ ਕਿਤਨੇ ਆਕਾਰ ਦੇ ਪਲਾਟ ਅਤੇ ਛੱਤੇ ਖੇਤਰ ਨੂੰ ਹਾਊਸ ਟੈਕਸ ਤੋਂ ਛੋਟ ਹੋਣੀ ਚਾਹੀਦੀ ਹੈ ?

11) i) ਕੀ ਹਾਊਸ ਟੈਕਸ ਅਤੇ ਦੂਜੇ ਟੈਕਸਾਂ ਅਤੇ ਬਕਾਇਆ ਰਕਮਾਂ ਦੀ ਉਗਰਾਹੀ ਦਾ ਨਿੱਜੀਕਰਨ ਕਰਨ ਨਾਲ ਆਮਦਨ ਵਿੱਚ ਨਰੋਲ ਵਾਧਾ ਹੋਵੇਗਾ ?

ii) ਜੇਕਰ ਇਸ ਸੇਵਾ ਦਾ ਨਿਜੀਕਰਨ ਕੀਤਾ ਜਾਂਦਾ ਹੈ ਤਾਂ ਜਨਤਾ ਨੂੰ ਹੋਣ ਵਾਲੀ ਕਿਸੇ ਪ੍ਰੇਸ਼ਾਨੀ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ ?

12) i) ਕੀ ਮਕਾਨ ਕਰ (ਹਾਊਸ ਟੈਕਸ) ਦਿਹਾਤੀ ਖੇਤਰਾਂ ਵਿਚਲੀਆਂ ਵਪਾਰਕ ਸਥਾਪਨਾਵਾਂ ਉਤੇ ਇਕਸਾਰ ਦਰ ਉਤੇ ਜਾਂ ਜਿਵੇਂ ਕਿ ਪਹਿਲਾਂ ਤਰਮੀਮ ਕੀਤੀ ਗਈ ਸੀ ਉਸ ਤਰ੍ਹਾਂ ਲਗਾਇਆ ਜਾਣਾ ਚਾਹੀਦਾ ਹੈ ।

ii) ਕੀ ਮਕਾਨ ਕਰ ਸ਼ਹਿਰੀ ਖੇਤਰਾਂ ਵਿਚਲੀਆਂ ਵਪਾਰਕ ਸਥਾਪਨਾਵਾਂ ਉਤੇ ਇਕਸਾਰ ਦਰ ਉਤੇ ਜਾਂ ਜਿਵੇਂ ਕਿ ਪਹਿਲਾਂ ਤਰਮੀਮ ਕੀਤੀ ਗਈ ਸੀ ਉਸ ਤਰ੍ਹਾਂ ਲਗਾਇਆ ਜਾਣਾ ਚਾਹੀਦਾ ਹੈ ?

## ਹ) ਜਲ ਸਪਲਾਈ ਅਤੇ ਸੀਵਰੇਜ:-

13) ਸਹਿਰੀ ਸਥਾਨਕ ਸਰਕਾਰਾਂ ਦਾ ਮੁੱਖ ਕੰਮ ਸਾਫ ਸੁਧਰਾ ਪਾਣੀ ਅਤੇ ਸੀਵਰੇਜ ਸਪਲਾਈ ਕਰਨਾ ਹੈ ਇਸ ਲਈ :-

i) ਕੀ ਜਲ ਸਪਲਾਈ ਅਤੇ ਸੀਵਰੇਜ ਦੇ ਸੰਚਾਲਨ ਅਤੇ ਰੱਖ ਰਖਾਵਾਂ ਦੀ ਪੂਰੀ ਲਾਗਤ ਸਾਰੇ ਖਪਤਕਾਰਾਂ ਪਾਸੋਂ ਵਸੂਲ ਕਰਨੀ ਚਾਹੀਦੀ ਹੈ ?

ii) ਜੇਕਰ ਨਹੀਂ, ਤਾਂ ਕਿਨ੍ਹਾਂ ਹਿੱਸਾ ਆਰਥਿਕ ਪੱਖੋਂ ਕਮਜ਼ੋਰ ਤਬਕੇ ਪਾਸੋਂ ਵਸੂਲ ਕੀਤਾ ਜਾਣਾ ਚਾਹੀਦਾ ਹੈ ਅਤੇ ਸਿੱਟੇ ਵਜੋਂ ਹੋਣ ਵਾਲਾ ਨੁਕਸਾਨ ਕਿਸ ਤਰ੍ਹਾਂ ਉਠਾਇਆ ਜਾਣਾ ਚਾਹੀਦਾ ਹੈ, ਕਰਾਸ ਸਬਸਿਡੀ ਦੇ ਕਾਰਜ ਰਾਹੀਂ ਖਪਤਕਾਰਾਂ ਜਾਂ ਇਸ ਦਾ ਮੁਆਵਜਾ ਆਮ ਮਿਉਂਸਪਲ ਬਜਟ ਦੁਆਰਾ ?

14) ਕੀ ਜਲ ਸਪਲਾਈ ਅਤੇ ਸੀਵਰੇਜ ਪ੍ਰਾਜੈਕਟਾਂ ਦੀ ਪੂੰਜੀ ਗਤ ਲਾਗਤ ਦਾ ਕੋਈ ਹਿੱਸਾ ਖਪਤਕਾਰਾਂ ਪਾਸੋਂ ਵਸੂਲ ਕਰਨਾ ਚਾਹੀਦਾ ਹੈ ਅਤੇ ਜੇਕਰ ਅਜਿਹਾ ਹੈ ਤਾਂ ਕਿਤਨਾਂ ?

15) ਆਪ ਨਿਮਨ ਲਿਖੇ ਕਿਹੜੇ ਕਿਹੜੇ ਉਪਰਾਲਿਆਂ ਬਾਰੇ ਸੁਝਾਅ ਦੇਵੋਗੇ:-

i) ਜਲ ਸਪਲਾਈ ਅਤੇ ਸੀਵਰੇਜ ਦੇ ਸੰਚਾਲਨ ਅਤੇ ਰੱਖ-ਰਖਾਵ ਸਬੰਧੀ ਖਰਚੇ ਵਿਚ ਕਫ਼ਾਇਤ ਕਰਨਾ

ਅਤੇ

ii) ਪਾਣੀ ਦੀ ਕੁਵਰਤੋਂ ਨੂੰ ਰੋਕਣਾ ?

16) ਕੀ ਆਪ ਦੇ ਵਿਚਾਰ ਵਿੱਚ ਸੰਚਾਲਨ ਅਤੇ ਜਲ ਸਪਲਾਈ, ਸੀਵਰੇਜ, ਸਫਾਈ ਅਤੇ ਠੋਸ ਰਹਿੰਦ ਖੂੰਹਦ ਦੇ ਪ੍ਰਬੰਧ ਅਤੇ ਹੋਰਨਾਂ ਸੇਵਾਵਾਂ ਦੇ ਨਿੱਜੀਕਰਨ ਦੇ ਫਲਸਰੂਪ ਲਾਗਤ ਵਿੱਚ ਕਮੀ ਅਤੇ ਸੇਵਾ ਦੀ ਗੁਣਵੱਤਾ ਵਿੱਚ ਸੁਧਾਰ ਹੋ ਜਾਵੇਗਾ?

## (ਕ) ਜਨਰਲ - ਸ਼ਹਿਰੀ ਸੰਸਾਥਕ ਸੰਸਥਾਵਾਂ (ਯੂ.ਐਲ.ਬੀ.ਆਈਐਸ)

17) i) ਕੀ ਆਪ ਸੋਚਦੇ ਹੋ ਕਿ ਸਿਵਲ ਬੁਨਿਆਦੀ ਢਾਂਚੇ ਜਿਵੇਂ ਕਿ ਸੜਕਾਂ, ਪੁਲਾਂ ਅਤੇ ਫਲਾਈ ਉਵਰਾਂ, ਗਲੀਆਂ, ਜਲ ਸਪਲਾਈ ਅਤੇ ਸੀਵਰੇਜ ਆਦਿ ਦੀ ਉਸਾਰੀ ਦੇ ਨਿਜੀਕਰਨ ਸਦਕਾ ਘੱਟ ਲਾਗਤ ਉਸਾਰੀ, ਸਮੇਂ ਵਿਚ ਕਮੀ ਅਤੇ ਕੰਮ ਦੀ ਗੁਣਵਤਾ ਵਿਚ ਸੁਧਾਰ ਹੋਵੇਗਾ ।

ii) ਆਪ ਦੇ ਵਿਚਾਰ ਵਿਚ ਕੀ ਸ਼ਹਿਰੀ ਸਥਾਨਕ ਸੰਗਠਨਾਂ ਦੁਆਰਾ ਕੀਤੇ ਗਏ ਅਧਿਕ ਕਾਰਜਾਂ ਅਤੇ ਸੇਵਾਵਾਂ ਦੇ ਨਿੱਜੀਕਰਨ ਨਾਲ ਖਰਚਾ ਘੱਟ ਹੋ ਜਾਵੇਗਾ ਅਤੇ ਕਾਰਗੁਜਾਰੀ ਵਿਚ ਸੁਧਾਰ ਹੋ ਜਾਵੇਗਾ?

18) ਕੀ ਤੁਸੀ ਸੋਚਦੇ ਹੋ ਕਿ ਪੇਡੂ ਖੇਤਰਾਂ ਵਲੋ ਸਹਿਰੀ ਖੇਤਰਾਂ ਵੱਲ ਅਬਾਦੀ ਦਾ ਵਹਾ ਤੇਜੀ ਨਾਲ ਵੱਧ ਰਿਹਾ ਹੈ ? ਜੇਕਰ ਹਾਂ ਤਾਂ ਕੀ ਦਿਹਾਤੀ ਇਲਾਕਿਆਂ ਤੋਂ ਪ੍ਰਵਾਸ, ਜਿਸ ਕਾਰਨ ਸ਼ਹਿਰਾਂ ਦੀ ਵਧਦੀ ਅਬਾਦੀ ਦਾ ਬੁਨਿਆਦੀ ਸਹੂਲਤਾਂ ਉਤੇ ਦਬਾਅ ਵਧ ਰਿਹਾ ਹੈ, ਨੂੰ ਘਟਾਉਣ ਲਈ ਕੀ ਸਾਧਨ ਕੀਤੇ ਜਾਣੇ ਚਾਹੀਦੇ ਹਨ ?

19) ਝੁੱਗੀ ਝੋਂਪੜੀਆਂ ਦੇ ਵਾਧੇ ਨੂੰ ਰੋਕਣ, ਝੁੱਗੀ ਝੋਪੜੀਆਂ ਵਿਚ ਰਹਿਣ ਵਾਲੇ ਵਿਅਕਤੀਆਂ ਲਈ ਬਦਲਵੀ ਰਿਹਾਇਸ਼ ਦਾ ਪ੍ਰਬੰਧ ਕਰਨ ਅਤੇ ਝੁੱਗੀ ਝੋਪੜੀ ਖੇਤਰਾਂ ਵਿਚ ਬੁਨਿਆਦੀ ਸ਼ਹਿਰੀ ਸਹੂਲਤਾਂ ਵਿਚ ਸੁਧਾਰ ਕਰਨ ਲਈ ਸ਼ਹਿਰੀ ਸਥਾਨਕ ਸੰਗਠਨਾਂ ਦੁਆਰਾ ਕੀਤੇ ਜਾਣ ਵਾਲੇ ਕਿਹੜੇ ਕਿਹੜੇ ਉਪਰਾਲਿਆਂ ਬਾਰੇ ਆਪ ਸੁਝਆ ਦੇਣਾ ਚਾਹੋਗੇ?

20) i) ਕੀ ਆਪ ਸੋਚਦੇ ਹੋ ਕਿ ਸਾਡੇ ਸ਼ਹਿਰੀ ਸਥਾਨਕ ਸੰਗਠਨਾਂ ਵਿਚ ਵਧੀਕ ਅਮਲਾ ਭਰਤੀ ਕੀਤਾ ਹੋਇਆ ਹੈ ?

ii) ਜੇਕਰ ਅਜਿਹਾ ਹੈ ਤਾਂ ਉਚਿਤ ਪੱਧਰਾਂ ਉਤੇ ਅਮਲੇ ਨੂੰ ਘੱਟ ਕਰਨ ਲਈ ਖਾਸ ਉਪਰਾਲਿਆਂ ਬਾਰੇ ਸੁਝਾਅ ਦਿਉ?

iii) ਆਪ ਦੇ ਵਿਚਾਰ ਵਿਚ ਕੀ ਸ਼ਹਿਰੀ ਸਥਾਨਕ ਸੰਗਠਨਾਂ ਦੁਆਰਾ ਕੀਤੇ ਗਏ ਅਧਿਕ ਕਰਜਾਂ ਅਤੇ ਸੇਵਾਵਾਂ ਦੇ ਨਿੱਜੀਕਰਨ ਨਾਲ ਖਰਚਾ ਘੱਟ ਹੋ ਜਾਵੇਗਾ ਅਤੇ ਕਾਰਜਗੁਜ਼ਾਰੀ ਵਿਚ ਸੁਧਾਰ ਹੋ ਜਾਵੇਗਾ । ਸੰਖੇਪ ਵਿਚ ਦਿਤਾ ਜਾਵੇ ।

iv) ਕੀ ਆਪ ਸੋਚਦੇ ਹੋ ਕਿ ਸ਼ਹਿਰੀ ਸੰਥਾਨਕ ਸੰਗਠਨਾਂ ਵਿਚ ਵਿਕਾਸ ਪ੍ਰੋਜੈਕਟਾਂ ਨੂੰ ਲਾਗੂ ਅਤੇ ਬਣਾਈ ਰੱਖਣ ਲਈ ਮੁਨਾਸਬ ਯੋਗਤਾ ਪ੍ਰਾਪਤ ਅਮਲਾ ਹੈ ?

v) ਕੀ ਆਪ ਸੋਚਦੇ ਹੋ ਕਿ ਸ਼ਹਿਰੀ ਸੰਥਾਨਕ ਸੰਗਠਨਾਂ ਦੇ ਅਮਲੇ ਨੂੰ ਖਾਸ ਕਰਕੇ ਲੇਖਾਕਰਨ ਅਤੇ ਨਗਰ ਯੋਜਨਾਂਬੰਦੀ ਵਿਚ ਸਿਖਲਾਈ ਦੀ ਜ਼ਰੂਰਤ ਹੈ ?

21. ਆਪ ਦੇ ਵਿਚਾਰ ਵਿਚ, ਉਹ ਕਿਹੜੇ ਕਿਹੜੇ ਖੇਤਰ ਹਨ ਜਿਥੇ ਕਿ ਕਾਰਜ ਪ੍ਰਣਾਲੀ ਨੂੰ ਸਰਲ ਬਣਾ ਕੇ ਨਿਗਰਾਨੀ ਅਤੇ ਪ੍ਰਬੰਧਕੀ ਕੰਮਾਂ ਵਿਚ ਸੁਧਾਰ ਲਿਆ ਕੇ ਮਿਉਂਸਪਲ ਖਰਚੇ ਵਿਚ ਬੱਚਤਾਂ ਨੂੰ ਪ੍ਰਭਾਵਤ ਕੀਤਾ ਜਾ ਸਕਦਾ ਹੈ ?

22. i) ਕੀ ਸ਼ਹਿਰੀ ਸਥਾਨਕ ਸੰਗਠਨ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਉਚਿਤ ਕਦਮ ਚੁੱਕ ਰਹੇ ਹਨ?

ii) ਜੇਕਰ ਨਹੀਂ ਤਾਂ ਇਸ ਸਬੰਧ ਵਿਚ ਉਨਾਂ ਦੁਆਰਾ ਕਿਹੜੇ-ਕਿਹੜੇ ਕਦਮ ਚੁੱਕੇ ਜਾਣ ਦੀ ਲੋੜ ਹੈ ?

23. ਕੀ ਖੇਤਰ ਦੇ ਵਿਕਾਸ ਲਈ ਸਥਾਨਕ ਲੋਕਾਂ/ਗੈਰ-ਸਰਕਾਰੀ ਸੰਗਠਨਾਂ ਦੀ ਸਮੂਲੀਅਤ ਦੀ ਕੋਈ ਸੰਭਾਵਨਾਂ ਹੈ ? ਜੇ ਕਰ ਹਾਂ ਤਾਂ ਇਨਾਂ ਨੂੰ ਕਿਸ ਢੰਗ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ । ਆਮ ਜਨਤਾ ਨੂੰ ਇਸ ਵਿਚ ਸ਼ਾਮਿਲ ਕਰਨ ਦਾ ਇਸ ਸਮੇਂ ਕਿਹੜਾ ਸਿਧਾਂਤ ਹੈ?

## (ਖ) ਪੰਚਾਇਤੀ ਰਾਜ ਇਨਸਟੀਚੂਸ਼ਨ (ਪੀ.ਆਰ.ਆਈਐਸ)

24. ਮਕਾਨ ਕਰ (ਹਾਊਸ ਟੈਕਸ) ਤੋਂ ਇਲਾਵਾ ਹੋਰ ਕਿਹੜਾ ਕਰ ਪੰਚਾਇਤਾਂ ਦੁਆਰਾ ਆਪਣੀਆਂ ਆਮਦਨਾਂ ਵਧਾਉਣ ਵਾਸਤੇ ਲਗਾਇਆ ਜਾਣਾ ਚਾਹੀਦਾ ਹੈ ?

25. ਸਾਮਲਾਟ ਜਮੀਨਾਂ / ਪੰਚਾਇਤੀ ਜਮੀਨਾ ਤੋਂ ਪੰਚਾਇਤਾਂ ਦੀ ਆਮਦਨ ਨੂੰ ਵਧਾਉਣ ਲਈ ਆਪ ਕਿਹੜੇ ਉਪਰਾਲਿਆਂ ਬਾਰੇ ਸੁਝਾਅ ਦੇਣਾ ਚਾਹੋਗੇ ?

## (ਗ) ਰਾਜ ਦੇ ਸਾਧਨਾ ਦਾ ਅਵਿਮੁਲਣ (devolution) ਢੰਗ ਤਰੀਕੇ ਤੇ ਪਹੁੰਚ (ਸਾਂਝੇ):-

26. ਰਾਜ ਸਰਕਾਰ ਤੋਂ ਸ਼ਹਿਰੀ ਸੰਥਾਨਕ ਸੰਗਠਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਟਰਾਂਸਫਰ ਕੀਤੀ ਜਾਣ ਵਾਲੀ ਕੁਲ ਰਕਮ ਨੂੰ ਨਿਰਧਾਰਤ ਕਰਨ ਦਾ ਕੀ ਅਧਾਰ ਹੋਣਾ ਚਾਹੀਦਾ ਹੈ :-

i) ਪਿਛਲੇ ਵਾਧੇ ਦੇ ਅਧਾਰ ਤੇ ਮਾਲ ਆਮਦਨ ਨੂੰ ਪ੍ਰਾਜੈਕਟ ਕਰਕੇ ਅਨੁਮਾਨਤ ਮਾਲ ਆਮਦਨ ਦੇ ਘਾਟੇ ਦਾ ਇਕ ਹਿੱਸਾ ਹੈ? ਜਾਂ

ii) ਆਮਦਨ ਦੇ ਘਾਟੇ ਦਾ ਇਕ ਹਿੱਸਾ (ਟੈਕਸ ਅਤੇ ਨਾਨ ਟੈਕਸ ਆਮਦਨ ਦੀ ਵੱਧ ਤੋ ਵੱਧ ਵਸੂਲੀ ਦੇ ਅਧਾਰ ਤੇ ਅਮਦਨ ਨੂੰ ਅਨੁਮਾਨਤ ਕਰਦਿਆਂ ਹੋਇਆਂ) ਕਿਵੇਂ ਇਕੱਤਰ ਕੀਤਾ ਜਾ ਸਕਦਾ ਹੈ। ਕੋਈ ਹੋਰ ਅਧਾਰ ਵੀ ਹੈ ?( ਕਿਰਪਾ ਕਰਕੇ ਵੇਰਵਾ ਦਿਓ )

27. ਤੀਜੇ ਪੰਜਾਬ ਵਿੱਤ ਕਮਿਸਨ ਵਲੋ ਸੰਥਾਨਕ ਸਰਕਾਰਾਂ ਨੂੰ ਪੰਜਾਬ ਸਰਕਾਰ ਦੇ ਨਿਰੋਲ ਟੈਕਸ ਪ੍ਰਾਪਤੀਆਂ ਦਾ 4% ਹਿੱਸਾ ਦੇਣ ਦੀ ਸ਼ਿਫਾਰਸ ਕੀਤੀ ਗਈ ਸੀ ।( ਜਿਸ ਵਿਚੋਂ ਚੁੰਗੀ ਖਤਮ ਹੋਣ ਦੇ ਇਵਜ ਵਜੋਂ ਦਿਤੀ ਗਈ ਰਾਸ਼ੀ ਘਟਾਈ ਜਾਣੀ ਹੈ )

ਕੀ ਇਹ ਪ੍ਰਤੀਸ਼ਤਤਾ ਸੰਥਾਨਕ ਸਰਕਰਾਂ ਦੀ ਅਮਦਨ ਵਿਚ ਵਾਧਾ ਕਰਨ ਲਈ ਉਚਿਤ ਹੈ ਜਾਂ ਇਸ ਵਿਚ ਹੋਰ ਵਾਧਾ ਕਰਨ ਦੀ ਜਰੂਰਤ ਹੈ ?

28. ਕੀ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਲਈ ਹੋਰ ਧੰਨ ਜਟਾਉਣ ਲਈ ਇਹਨਾਂ ਸੰਸਥਾਵਾਂ ਨੂੰ ਮਿਲਣ ਵਾਲੀ ਐਕਸਾਈਜ਼ ਡਿਉਟੀ ਅਤੇ ਠੇਕਿਆਂ ਦੀ ਨਿਲਾਮੀ ਦੀ ਰਕਮ ਦਾ

ਹਿੱਸਾ ਜੋ ਕਿ ਦੇਸੀ ਸ਼ਰਾਬ ਉਤੇ ਅੱਜ ਕੱਲ 10 ਫੀਸਦੀ ਹੈ ਅਤੇ ਆਈ.ਐਮ.ਐਫ.ਐਲ. (ਭਾਰਤ ਵਿਚ ਬਣਨ ਵਾਲੀ ਅੰਗਰੇਜੀ ਸ਼ਰਾਬ) ਤੇ 16 ਫੀਸਦੀ ਨੂੰ ਵਧਾਉਣਾ ਚਾਹੀਦਾ ਹੈ?

29. i) ਪੇਂਡੂ ਅਤੇ ਸ਼ਹਿਰੀ ਸਥਾਨਕ ਸੰਗਠਨਾਂ ਵਿਚ ਕੁਲ ਰਕਮ ਦੀ ਵੰਡ ਦਾ ਕੀ ਅਧਾਰ ਹੋਣਾ ਚਾਹੀਦਾ ਹੈ?

ii) ਕੀ ਪੇਂਡੂ ਇਲਾਕਿਆਂ ਵਿਚ ਪ੍ਰਤੀ ਵਿਅਕਤੀ ਘੱਟ ਆਮਦਨ ਹੋਣ ਕਾਰਨ ਅਤੇ ਇਸ ਲਈ ਪੇਂਡੂ ਸੰਥਾਨਕ ਸੰਸਥਾਵਾਂ ਦੀ ਘੱਟ ਆਮਦਨ ਦੀ ਸੰਭਾਵਨਾਂ ਹੋਣ ਕਾਰਨ ਪੇਂਡੂ ਇਲਾਕਿਆਂ ਨੂੰ ਕੁੱਝ ਪਹਿਲ ਦਿਤੀ ਜਾਣੀ ਚਾਹੀਦੀ ਹੈ, ਜੇਕਰ ਹਾਂ ਤਾਂ ਕਿੰਨੀ ?

iii) ਸ਼ਹਿਰੀ ਸਥਾਨਕ ਸੰਗਠਨਾਂ ਨੂੰ ਅਲਾਟ ਕੀਤੀ ਗਈ ਰਕਮ ਨੂੰ ਮਿਉਂਸੀਪਲ ਕਾਰਪੋਰੇਸ਼ਨਾਂ, ਮਿਉਂਸੀਪਲ ਕੌਸਲਾਂ ਅਤੇ ਨਗਰ ਪੰਚਾਇਤਾਂ ਵਿਚਕਾਰ ਕਿਹੜੇ ਸਿਧਾਤਾਂ ਉਤੇ ਵੰਡਿਆ ਜਾਣਾ ਚਾਹੀਦਾ ਹੈ ।

iv) i) ਕੀ ਪੰਚਾਇਤੀ ਰਾਜ ਸੰਸਥਾਵਾਂ ਨੂੰ ਅਲੋਕੇਟ ਕੀਤੀ ਗਈ ਸਾਰੀ ਰਕਮ ਗਰਾਮ ਪੰਚਾਇਤਾਂ ਨੂੰ ਦੇ ਦੇਣੀ ਚਾਹੀਦੀ ਹੈ ।

ii) ਜੇਕਰ ਨਹੀਂ ਤਾਂ ਪੰਚਾਇਤ ਸੰਮਤੀਆਂ ਅਤੇ ਜਿਲਾਂ ਪ੍ਰੀਸਦਾਂ ਨੂੰ ਕਿੰਨੀ ਪ੍ਰਤੀਸ਼ਤ ਰਕਮ ਦੇਣੀ ਚਾਹੀਦੀ ਹੈ।

v) ਕਿ ਮਾਨਤਾ ਪ੍ਰਾਪਤ ਪਿਛੜੇ ਖੇਤਰਾਂ ਜਿਵੇਂ ਕਿ ਅਰਧ ਪਹਾੜੀ, ਕੰਡੀ, ਵੇਟ ਅਤੇ ਸਰਹੱਦੀ ਖੇਤਰਾਂ ਵਿਚ ਸਥਿਤ ਸ਼ਹਿਰੀ ਸਥਾਨਕ ਸੰਗਠਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਕੁਝ ਤਰਜੀਹ ਦਿਤੀ ਜਾਣੀ ਚਾਹੀਦੀ ਹੈ ਜੇਕਰ ਅਜਿਹਾ ਹੈ ਤਾਂ ਕਿਤਨੀ ?

vi) ਕੀ ਆਪ ਕਿਸੇ ਹੋਰ ਆਧਾਰ ਦਾ ਸੁਝਅ ਦੇ ਸਕਦੇ ਹੋ, ਜਿਸ ਉਤੇ ਘੱਟ ਆਮਦਨ ਵਾਲੇ ਜਾਂ ਜਿਆਦਾ ਖਰਚਿਆਂ ਦੀ ਜਿਮੇਂਵਾਰੀ ਵਾਲੇ ਸੰਥਾਨਕ ਸੰਗਠਨਾਂ ਨੂੰ ਆਲੋਕੇਸਨ ਵਿਚ ਕੁਝ ਤਰਜੀਹ ਦਿੱਤੀ ਜਾ ਸਕੇ ।

30. ਕੀ ਵੱਖ ਵੱਖ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ, ਕੇਂਦਰ ਸਰਕਾਰ ਦੁਆਰਾ ਸਪੌਂਸਰ ਸਕੀਮਾਂ, ਜਿਲ੍ਹਾ ਪੇਂਡੂ ਵਿਕਾਸ ਏਜੰਸੀ, ਪੇਂਡੂ ਵਿਕਾਸ ਬੋਰਡ, ਮੰਡੀਕਰਨ ਬੋਰਡ, ਸ਼ਹਿਰੀ ਵਿਕਾਸ ਏਜੰਸੀ, ਰਾਜ ਕੰਪੇਨੈਟਸ ਗ੍ਰਾਂਟਾਂ, ਵਿਸਵ ਬੈਂਕ ਸਹਾਇਤਾ ਪ੍ਰਾਪਤ ਪ੍ਰਾਜੈਕਟਾਂ ਆਦਿ ਤੋ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਸ਼ਹਿਰੀ ਸਹੂਲਤਾਂ ਲਈ ਦਿਤੇ ਜਾਣ ਵਾਲੇ ਫੰਡਾਂ ਨੂੰ ਵੀ ਕਰਾਂ ਅਤੇ ਗ੍ਰਾਂਟਾਂ ਟਰਾਂਸਫਰ ਕੀਤੀਆਂ ਜਾਣ ਵਾਲੀਆਂ ਰਕਮਾਂ ਨੂੰ ਨਿਰਧਾਰਤ ਕਰਦੇ ਸਮੇਂ ਵਿਚਾਰ ਲੈਣਾ ਚਾਹੀਦਾ ਹੈ ?

31. ਕੀ ਰਾਜ ਸਰਕਾਰ ਅਤੇ ਜਿਲ੍ਹਾ ਯੋਜਨਾ ਬੋਰਡਾਂ ਦੁਆਰਾ ਵਿਕਾਸ ਗਰਾਂਟਾਂ ਦੀ ਵੰਡ ਨੂੰ ਸਮੁਚੇ ਤੋਰ ਤੇ ਮਰਜੀ ਤੇ ਛੱਡ ਦੇਣਾ ਚਾਹੀਦਾ ਹੈ ਜਾਂ ਇਹਨਾਂ ਗਰਾਂਟਾਂ ਦੀ ਰਲੀਜ ਨੂੰ ਨਿਯਮਤ ਕਰਨ ਲਈ ਕੋਈ ਸਿਧਾਂਤ ਘੜੇ ਜਾਣੇ ਚਾਹੀਦੇ ਹਨ?

32. ਕੀ ਖੇਤੀ ਬਾੜੀ ਵਾਲੀ ਜਮੀਨ ਦੀ ਵਰਤੋਂ ਗੈਰ-ਖੇਤੀ ਬਾੜੀ ਕੰਮ ਕਰਨ ਲਈ ਕੋਈ ਤਬਦੀਲੀ ਫੀਸ ਲਾਈ ਜਾਣੀ ਚਾਹੀਦੀ ਹੈ ? ਜੇਕਰ ਹਾਂ, ਤਾਂ ਕਿਹੜੇ ਸਿਧਾਂਤ/ ਦਰ ਤੇ ਇਹ ਫੀਸ ਲਈ ਜਾਣੀ ਚਾਹੀਦੀ ਹੈ/ਵੰਡੀ ਜਾਣੀ ਚਾਹੀਦੀ ਹੈ।

33. i) ਕੀ ਸਥਾਨਕ ਕਾਡਰ ਦੇ ਕਰਮਚਾਰੀਆਂ ਲਈ ਸ਼ਹਿਰੀ ਸਥਾਨਕ ਸੰਗਠਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਸ਼ੋਪੇ ਮੋਜੂਦਾ ਪ੍ਰਬੰਧਕੀ ਅਤੇ ਅਨੁਸ਼ਾਸ਼ਨੀ ਅਖਤਿਅਰ ਉਚਿਤ ਹਨ ?

ii) ਜੇਕਰ ਨਹੀ ਤਾਂ ਸ਼ਹਿਰੀ ਸੰਥਾਨਕ ਸੰਗਠਨਾਂ/ ਪੰਚਾਇਤੀ ਰਾਜ ਸੰਸਥਾਵਾਂ ਦੇ ਕੰਮ ਕਾਜ ਨੂੰ ਹੋਰ ਕਾਰਗਰ ਬਣਾਏ ਜਾਣ ਨੂੰ ਯਕੀਨੀ ਬਣਾਉਣ ਲਈ ਕਿਨਾਂ ਅਖਤਿਆਰਾਂ ਨੂੰ ਕਿਸ ਸੀਮਾਂ ਤੱਕ ਵਧਾਏ ਜਾਣ ਦੀ ਲੋੜ ਹੈ ।

34. i) ਕੀ ਮਾਲ ਅਮਦਨ ਦੀ ਚੋਰੀ ਅਤੇ ਗੈਰ ਜਰੂਰੀ ਖਰਚਿਆਂ ਰਾਹੀਂ ਭ੍ਰਿਸਟਾਚਾਰ ਸ਼ਹਿਰੀ ਸੰਥਾਨਕ ਸੰਗਠਨਾਂ ਅਤੇ ਪੰਚਾਇਤੀ ਰਾਜ ਸ਼ੰਸਥਾਵਾਂ ਦੀ ਵਿੱਤੀ ਸਥਿਤੀ ਨੂੰ ਬੂਰੀ ਤਰਾਂ ਪ੍ਰਭਾਵਤ ਕਰਦਾ ਹੈ?

i) ਕੀ ਆਪ ਇਨਾਂ ਸੰਗਠਨਾਂ ਵਿਚ ਭ੍ਰਿਸਟਾਚਾਰ ਘੱਟ ਕਰਨ ਸੰਬਧੀ ਕੁਝ ਪ੍ਰਵਾਭਸਾਲੀ ਕਦਮ ਚੁੱਕਣ ਬਾਰੇ ਸੁਝਅ ਦੇ ਸਕਦੇ ਹੋ ?

35 ਸਹਿਰੀ ਸੰਥਾਨਕ ਸੰਸਥਾਵਾਂ/ ਪੰਚਾਇਤੀ ਰਾਜ ਸੰਸਥਾਵਾਂ ਦੇ ਸਾਧਨਾ ਦੀ ਵੰਡ ਅਤੇ ਜਿਮੇਵਾਰੀਆਂ ਦੀ ਸੁਸਤ ਚਾਲ/ ਰਫਤਾਰ ਸੰਬਧੀ ਇਕ ਵਿਸੇਸ਼ ਦਲੀਲ ਇਹ ਦਿਤੀ ਜਾ ਸਕਦੀ ਹੈ ਕੀ ਇਹਨਾ ਸੰਸਥਾਂਵਾ ਦੇ ਸਿਰ ਕੱਢ ਨੇਤਾ ਮੁੱਖ ਤੋਰ ਤੇ ਯੋਗਤਾ, ਇਮਾਨਦਾਰੀ, ਮੰਤਵ, ;ਪਬਿਲੀਕ ਸਪਿਰਟ ਅਤੇ ਮੁੱਖ ਉਤੇਜਨਾਂ ਦੀ ਥਾਂ ਪਾਰਟੀਆਂ ਵਲੋ ਖੁਦਗਰਜੀ ਪੈਦਾ ਕਰਨਾ ਹੈ, ਕੀ ਤੁਸੀ ਇਸ ਨਾਲ ਸਹਿਮਤ ਹੋ ? ਜੇਕਰ ਸਹਿਮਤ ਹੋ ਤਾ ਇਹਨਾਂ ਲੋਕਲ ਸੰਸਥਾਵਾ ਦਾ ਪ੍ਰਸ਼ਾਸਨ ਅਤੇ ਪ੍ਰਬੰਧ ਮਜਬੂਤ ਕਰਨ ਲਈ ਸਵੈਸਪਸਟ ਟ੍ਰੇਨਿੰਗ ਦੇਣਾ ਉਚੀਤ ਹੋਵੇਗਾ ।

36. **ਲੇਖਾ ਅਤੇ ਲੇਖਾ ਪੜਤਾਲ:-** ਕੀ ਤੁਸੀਂ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਮੌਜੂਦਾ ਲੇਖਾ ਅਤੇ ਲੇਖਾ ਪੜਤਾਲ ਪ੍ਰਬੰਧ ਅਤੇ ਕਾਰਜ ਵਿਧੀ ਵਿਚ ਕੋਈ ਤਬਦੀਲੀ ਦਾ ਸੁਝਅ ਦੇ ਸਕਦੇ ਹੋ, ਤਾਂ ਜੋ ਖਰਚੇ ਅਤੇ ਅਮਦਨ ਵਿਚ ਕਾਰਗਰ ਢੰਗ ਨਾਲ ਕੰਟਰੋਲ ਅਤੇ ਪਾਰਦਰਸ਼ਤਾ ਲਿਆਂਦੀ ਜਾ ਸਕੇ ?

37. ਕੋਈ ਹੋਰ ਨੁਕਤਾ ( ਨੁਕਤੇ) ਜੋ ਤੁਸੀ ਕਮਿਸ਼ਨ ਦੇ ਵਿਚਾਰ ਅਧੀਨ ਵਿਸਿਆਂ ਬਾਰੇ ਵਰਨਣ ਕਰਨਾ ਉਚਿਤ ਸਮਝਦੇ ਹੋ ? ( ਅਧਿਸੂਚਨਾ ਦੀ ਕਾਪੀ ਨਾਲ ਨੱਥੀ ਹੈ )

38. ਕੀ ਤੁਸੀ ਅਪਣੇ ਵਿਚਾਰ ਕਮਿਸ਼ਨ ਨੂੰ ਨਿੱਜੀ ਤੋਰ ਤੇ ਵੀ ਬਿਆਨ ਕਰਨਾ ਚਾਹੁੰਦੇ ਹੋ? ਇਸ ਸਬੰਧੀ ਸਥਾਨ ਅਤੇ ਮਿਤੀ ਬਾਰੇ ਦੱਸਿਆ ਜਾਵੇ।

(ਪਰ ਕਮਿਸ਼ਨ ਯਾਤਰਾ ਅਤੇ ਰਿਹਾਇਸ਼ ਸਬੰਧੀ ਲਾਗਤ/ ਖਰਚਿਆਂ ਦੀ ਪ੍ਰਤੀਪੂਰਤੀ ਕਰਨ ਦੇ ਸਮਰਥ ਨਹੀ ਹੋਵੇਗਾ )

--------x--------